# ਜੱਥੇਦਾਰ ਹਵਾਰਾ ਦੇ ਸੀਨਿਅਰ ਵਕੀਲ ਵੱਲੋਂ ਨਵੀਂ ਬ੍ਰਤਾਨਵੀ ਪ੍ਰਧਾਨ ਮੰਤਰੀ ਨੂੰ ਯਾਦ ਪੱਤਰ ਪੇਸ਼

ਲੰਡਨ, ੧੫ ਆਗਸਤ; ਹਰ ਸਾਲ ਦੀ ਤਰਾਂ ਸਮੂਹ ਕਸ਼ਮੀਰੀ ਅਤੇ ਪੰਥਕ ਜਥੇਬੰਦੀਆਂ ਵੱਲੋਂ ਹਿੰਦੁਸਤਾਨ ਦੀ ਅਜ਼ਾਦੀ ਨੂੰ ਭਾਰਤੀ ਦੂਤ-ਘਰ ਅੱਗੇ ਰੋਸ-ਪ੍ਰਦਰਸ਼ਣ ਵਿਚ ਸ਼ਾਮਲ ਹੋ ਕੇ ਕਾਲੇ ਦਿਵਸ ਵਜੋਂ ਮਨਾਇਆ ਗਿਆ, ਲੇਕਿੰਨ ਇਸ ਸਾਲ ਇਸ ਦੇ ਨਾਲ ਵੀ ਪੰਥਕ ਨੁਮਾਇੰਦਿਆਂ ਰਾਹੀਂ, ਨਵੇਂ ਬ੍ਰਤਾਨਵੀ ਪ੍ਰਧਾਨ ਮੰਤਰੀ ਟਰੀਜ਼ਾ ਮਈ ਤਾਈਂ ਸਰਬੱਤ ਖਾਲਸਾ ਵੱਲੋਂ ਨਿਯੁਕਤ ਸ੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਸਿੰਘ ਸਾਹਿਬ ਜਗਤਾਰ ਸਿੰਘ ਹਵਾਰਾ ਜੀ ਦੇ ਨੁਮਾਇੰਦਾ ਅਤੇ ਉੱਘੇ ਵਕੀਲ ਸੀਨਿਅਰ ਐਡਵੋਕੈਟ ਸ: ਅਮਰ ਸਿੰਘ ਚਾਹਲ ਵੱਲੋਂ ਇਸ ਮੌਕੇ ਹੰਗਾਮੀ ਯਾਦ-ਪੱਤਰ ਪੇਸ਼ ਕੀਤਾ ਗਿਆ ।

ਇਸ ਅਹਿਮ ਬਿਆਨ ਨੂੰ ਸਿੱਖ ਨੁਮਾਇਦਿਆਂ ਦੇ ਵਫਦ ਰਾਹੀਂ ਬ੍ਰਤਾਨਵੀ ਪ੍ਰਧਾਨ ਮੰਤਰੀ ਤਾਈਂ ਪੇਸ਼ ਕੀਤਾ ਗਿਆ ਜਿਸ 'ਤੇ ਕੌਂਸਲ ਆਫ਼ ਖਾਲਿਸਤਾਨ ਦੇ ਪ੍ਰਧਾਨ, ਸ: ਅਮਰੀਕ ਸਿੰਘ ਸਹੋਤਾ (OBE), ਅਕਾਲੀ ਦਲ ਯੂ. ਕੇ. ਦੇ ਚੇਅਰਮੈਨ, ਸ: ਗੁਰਦੇਵ ਸਿੰਘ ਚੌਹਾਨ, ਸੁਯੰਕਤ ਖਾਲਸਾ ਦਲ ਦੇ ਮੁੱਖੀ, ਸ: ਲਵਸ਼ਿੰਦਰ ਸਿੰਘ ਡੱਲੇਵਾਲ, ਸ: ਜੋਗਾ ਸਿੰਘ, ਬੱਬਰ ਅਕਾਲੀ ਆਰਗਨਾਈਜ਼ੇਸ਼ਨ, ਸ: ਮਨਮੋਹਨ ਸਿੰਘ ਦਲ ਖਾਲਸਾ ਅਤੇ ਕੇਸਰੀ ਲਹਿਰ ਦੇ ਗੁਰਦੀਪ ਸਿੰਘ ਦੇ ਦਸਖਤ ਵੀ ਸ਼ਾਮਲ ਸਨ ।

ਇਸ ਵਿਚ ਸ: ਚਾਹਲ ਨੇ ਕਿਹਾ ਕਿ ਕੁਝ ੩ ਮਹੀਨੇ ਪਹਿਲੇ ਆਪਣੀ ਯੂ. ਕੇ. ਫੇਰੀ ਦੌਰਾਨ ਉਨ੍ਹਾ ਪਾਰਲੀਮਾਨੀ ਖੁੱਦ-ਮੁਖਤਿਆਰੀ ਸੰਗਠਨ ਵੱਲੋਂ ਕਰਵਾਈ ਕਾਨਫ੍ਰੰਸ ਦੌਰਾਨ ਵੀ ਬ੍ਰਤਾਨੀਆਂ ਦੇ ਸਰਬ-ਪਾਰਟੀ ਸੰਸਦ ਮੈਂਬ੍ਰਾਨਾਂ ਨੂੰ ਸੰਬੋਧਨ ਕਰਨ ਮੌਕੇ 1947 ਦੇ ਪੰਜਾਬ ਦੇ ਬਟਵਾਰੇ ਮੌਕੇ ਸਿੱਖਾਂ ਦਾ ਲੱਖਾਂ ਦੀ ਤਦਾਦ ਵਿਚ ਹੋਇਆ ਜਾਨੀ ਅਤੇ ਮਾਲੀ ਨਕੁਸਾਨ ਲਈ ਬ੍ਰਤਾਨਵੀ ਸਰਕਾਰ ਨੂੰ ਜਿੱਥੇ ਕੁਝ ਹੱਦ ਤੱਕ ਜ਼ਿੰਮੇਦਾਰ ਠਹਿਰਾਇਆ, ਉੱਥੇ 1984 ਅਤੇ ਬਾਵਜੂਦ ਹੋਇਆ ਉਸ ਤੋਂ ਵਧੇਰੇ ਨੁਕਸਾਨ ਲਈ ਵੀ ਬ੍ਰਤਾਨਵੀ ਸਰਕਾਰ ਨੂੰ ਕੁਝ ਹਿੱਸੇ ਲਈ ਜ਼ਿੰਮੇਦਾਰ ਠਹਿਰਾਇਆ ਜਾ ਸਕਦਾ ਹੈ, ਭਾਵੇਂ ਵੱਡੀ ਪੱਧਰ 'ਤੇ ਹਿੰਦੁਸਤਾਨ ਦੇ ਲੀਡਰਾਂ ਦੇ ਝੂਠੇ ਲਾਰੇ ਅਤੇ ਇਨ੍ਹਾਂ ਦੀਆਂ ਨੱਸਲ-ਵਾਦੀ ਸਰਕਾਰਾਂ ਹੀ ਇਸ ਲਈ ਜ਼ਿੰਮੇਦਾਰ ਹਨ ।

ਮੈਮੋਰੈਂਡਮ ਵਿਚ ਉਨ੍ਹਾ ਅੱਗੇ ਦਰਸਾਇਆ ਕਿ ਜਿੱਥੇ ਸਿੱਖ ਅਵਾਮ ਨੂੰ ਪੁੱਛਣ ਤੋਂ ਬਿਨਾ ਹੀ ਸਿੱਖਾਂ ਨੂੰ ਹਿੰਦੁਸਤਾਨ ਦੀਆਂ ਹੱਦਾਂ ਦੇ ਵਿਚ ਘੇਰਿਆ ਗਿਆ ਸੀ, ਉੱਥੇ ਇਨ੍ਹਾਂ ਦੇ ਨੁਮਾਇਦਿਆਂ ਦੀ ਮਰਜ਼ੀ ਦੇ ਖਿਲਾਫ਼ ਹੀ ਇਨ੍ਹਾਂ ਨੂੰ ਹਿੰਦੁਸਤਾਨ ਦੇ ਸੰਵਿਧਾਨ ਮੁਤਾਬਿਕ ਕੇਸਾਧਾਰੀ ਹਿੰਦੂ ਦਾ ਦਰਜਾ ਦਿੱਤਾ ਗਿਆ । ਜਿੱਥੇ ਕਈ ਦੇਹਾਕਿਆਂ ਦੇ ਜੱਦੋ-ਜਾਹਿਦ ਬਾਵਜੂਦ ਹੀ ਇਨ੍ਹਾਂ ਦੀ ਮਾਤ-ਭਾਸ਼ਾ ਪੰਜਾਬੀ ਨੂੰ ਇਕ ਸੂਬਾ ਮਿਲਿਆ, ਉੱਥੇ ਪੰਜਾਬ ਦੇ ਪਾਣੀਆਂ ਨੂੰ ਵੀ ਇਰਦ-ਗਿਰਦ ਕਰਕੇ ਦਰਿਆਈ ਹੱਕਾਂ ਦੇ ਖਿਲਾਫ਼ ਹੀ ਇਨ੍ਹਾਂ ਪਾਣੀਆਂ ਨੂੰ ਖੋਇਆ ਗਿਆ । ਜਿੱਥੇ ਸਿੱਖਾਂ ਦੀ ਅਬਾਦੀ ਪੰਜਾਬ ਵਿਚ ਕਿਤੇ 65% ਤੋਂ ਵੱਦ ਹੁੰਦੀ ਸੀ, ਅੱਜ ਇਹ ਜਾਣ ਬੁਝਕੇ ਵਾੜੇ ਪੂਰਬੀ ਮਜ਼ਦੂਰਾਂ ਦੇ ਕਾਰਨ 60% ਤੋਂ ਕਿਤੇ ਘੱਟ ਹੀ ਹੋ ਸਕਦੀ ਹੈ । ਕਿਤੇ ਪੰਜਾਬ ਦੇ ਸਿੱਖ ਜ਼ਿਮੀਂਦਾਰਾਂ ਸਿਰਫ਼ ਆਪਣਾ ਨਹੀ, ਸਾਰੇ ਹਿੰਦੁਸਤਾਨ ਦਾ ਪੇਟ ਭਰਦੇ ਸੀ, ਅੱਜ ਇਨ੍ਹਾਂ ਦੀਆਂ ਖੁੱਦ-ਕਸ਼ੀ ਦੀਆਂ ਖੱਬਰਾਂ ਰੋਜ਼ਾਨਾ ਸੁਣਨ ਨੂੰ ਮਿਲਦੀਆਂ ਹਨ । ਪਰ ਹੁਣ ਬਰਦਾਸ਼ਤ ਤੋਂ ਬਾਹਰੀ ਰੋਜ਼-ਨਾ-ਰੋਜ਼ ਸਿੱਖਾਂ ਦੇ ਧਰਮ ਗ੍ਰੰਥਾਂ ਦੀ ਬੇ-ਅਦਬੀ ਦੀ ਖੱਬਰ ਵੀ ਪੜ੍ਹਣ ਨੂੰ ਮਿਲਦੀ ਹੈ ।

ਉਨ੍ਹਾ ਨਵੇਂ ਪ੍ਰਧਾਨ ਮੰਤਰੀ ਨੂੰ ਇਹ ਵੀ ਕਿਹਾ ਕਿ ਇਸ ਹਿਸਾਬ ਨਾਲ ਇਹ ਜਾਪਦਾ ਹੋਵੇਗਾ ਕਿ ਬ੍ਰਤਾਨਵੀ ਸਰਕਾਰ ਬਿਲਕੁਲ ਮਾਮੂਲੀ ਵਿਸ਼ਿਆਂ ਅਤੇ ਸ਼ਾਇਦ ਭੁੱਲ - ਭਲੇਖੇ ਹੀ ਯੋਰਪ ਦੇ ਹਿੱਸੇਦਾਰੀ ਬਾਰੇ ਲੋਕਾਂ ਦੀ ਰਾਏਸ਼ਮਾਰੀ ਕਰਾ ਬੈਠੀ ਹੋਵੇਗੀ । ਉਨ੍ਹਾ ਦਰਸਾਇਆ ਕਿ ਰਾਏਸ਼ੁਮਾਰੀ ਦੇ ਹੱਕ ਪੰਜਾਬ ਵਿਚ ਸਿੱਖ ਵੀ ਰੱਖਦੇ ਹਨ, ਜੋ 25 ਸਾਲ ਪਹਿਲੇ ਹੀ ਹੋਣੀ ਚਾਹੀਦੀ ਸੀ, ਜਦੋਂ ਬਾਰ-ਬਾਰ ਪੰਜਾਬ ਦੀਆਂ ਚੋਣਾਂ ਮੁਲਤਵੀ ਜਾਂ ਬਾਈਕਾਟ ਕਰਵਾ ਕੇ ਇਸ ਦੀ ਬਜਾਏ ਭਾਰਤੀ ਪ੍ਰਸ਼ਾਸ਼ਨਾਂ ਨੇ ਸਿੱਖਾਂ 'ਤੇ ਪੁਲਸ ਤਸ਼ੱਦਦ ਢਾਉਣਾਂ ਹੀ ਠੀਕ ਸਮਝਿਆ, ਜੋ ਅੱਜ ਤੱਕ ਜਾਹਰੀ ਹੈ ਅਤੇ ਜਿਸ ਦਾ ਵੇਰਵਾ ਤਮਾਮ ਮਨੁੱਖੀ ਅਧਿਕਾਰ ਰੀਪੋਰਟਾਂ ਵਿਚ ਆਮ ਪੜ੍ਹਣ ਨੂੰ ਮਿਲ ਸਕਦਾ ਹੈ ।

ਇਸ ਲਈ ਜਦੋਂ ਅੱਗੇ ਕੋਈ ਬੁਨਿਆਦੀ ਪੰਜਾਬ ਦੀ ਸਰਕਾਰ ਬਣੇਗੀ, ਆਸ ਹੈ ਕਿ ਬ੍ਰਤਾਨਵੀ ਸਰਕਾਰ, ਅੰਤਰ-ਰਾਸ਼ਟ੍ਰੀ ਕਾਨੂਨ ਨੂੰ ਮੁੱਖ ਰੱਖ ਕੇ ਭਾਰਤੀ ਸਰਕਾਰ ਨੂੰ ਇਸ ਤਰਾਂ ਦੀ ਦੱਖਲ ਅੰਦਾਜ਼ੀ ਤੋਂ ਬਾਜ਼ ਆਉਣ ਲਈ ਪ੍ਰੇਰੇਗੀ ਵਰਨਾ ਸੁਯੰਕਤ ਰਾਸ਼ਟ੍ਰ ਵਿਚ ਹਿੰਦੁਸਤਾਨ ਦੀ ਪੱਕੀ ਹਾਜ਼ਰੀ ਦੀ ਪ੍ਰੋੜਤਾ ਵਾਪਸ ਲਵੇ । ਇਹ ਵੀ ਕੋਈ ਹਰਜ਼ ਨਹੀਂ ਹੋਵੇਗਾ ਜੇ ਅੰਤਰ-ਰਾਸ਼ਟ੍ਰੀ ਤਾਕਤਾਂ ਇਸ ਰਾਇਸ਼ੁਮਾਰੀ ਦੌਰਾਨ ਆਪਣਾ ਪੱਖ ਰੱਖਣ, ਲੇਕਿੰਨ ਇਹ ਜ਼ਰੂਰੀ ਹੋਵੇਗਾ ਕਿ ਪੰਜਾਬ, ਕਸ਼ਮੀਰ ਅਤੇ ਹੋਰ ਇਲਾਕਿਆਂ ਦੇ ਲੋਕ ਵੀ ਆਪਣੇ ਇਹ ਅਵਾਮੀ ਹੱਕ ਇਸਤਿਮਾਲ ਕਰਕੇ ਆਪਣੀ ਸਿਆਸੀ, ਧਾਰਮਿਕ, ਆਰਥਿਕ, ਸਮਾਜਿਕ ਖੁਸ਼ਹਾਲੀ ਅਤੇ ਆਤਮ ਰੱਖਿਆ ਦੀ ਸੰਭਾਲ ਕਰ ਸਕਣ ।